pstcl
PUNJAB STATE TRANSMISSION CORPORATION LIMITED

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫ਼ਤਰ: ਪੀ.ਐਸ.ਈ.ਬੀ.,ਹੈੱਡ ਆਫਿਸ, ਦੀ ਮਾਲ; ਪਟਿਆਲਾ-147001, ਪੰਜਾਬ, ਭਾਰਤ)
ਦਫ: ਉੱਪ ਮੁੱਖ ਇੰਜੀ:/ ਐੱਚ ਆਰ ਅਤੇ ਪ੍ਰਬੰਧਕੀ ਸੰਸਥਾ, ਸ਼ਕਤੀ ਸਦਨ ਪਟਿਆਲਾ।

ਫੈਕਸ ਨੰ:- 0175 -2220054 ਟੈਲੀਫੂਨ ਨੰ:-0175-2370693 ਵੈਬਸਾਈਟ : pstcl.org

ਵੱਲ

1. ਮੁੱਖ ਇੰਜੀ:/ਪੀ ਤੇ ਐਮ,ਪੀ.ਐਸ.ਟੀ.ਸੀ.ਐਲ, ਲੁਧਿਆਣਾ।
2. ਉਪ ਮੁੱਖ ਇੰਜੀ:/ਕਮਿਊਨੀਕੇਸ਼ਨ ਹਲਕਾ, ਪੀ.ਐਸ.ਟੀ.ਸੀ.ਐਲ, ਲੁਧਿਆਣਾ।
3. ਉਪ ਸਕੱਤਰ/ਅਮਲਾ, ਪੀ.ਐਸ.ਟੀ.ਸੀ.ਐਲ., ਪਟਿਆਲਾ।
4. ਵਧੀਕ ਨਿਗ:ਇੰਜੀ:/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ. ਪਟਿਆਲਾ।

ਮੀਮੋ ਨੰ: 564/567 /Sen/Telephone Mechanic/40 ਮਿਤੀ: 20/01/25

**ਵਿਸ਼ਾ:- ਪੀ.ਐਸ.ਟੀ.ਸੀ.ਐਲ ਵੱਲੋਂ ਸੀ.ਆਰ.ਏ-10/2021 ਰਾਹੀਂ ਨਿਯੁਕਤ ਕੀਤੇ ਟੈਲੀਫੋਨ ਮਕੈਨਿਕ ਕਰਮਚਾਰੀਆਂ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਅੰਤਿਮ ਘੋਸ਼ਿਤ ਕਰਨ (ਮਿਤੀ 01.04.2022 ਤੋਂ 31.10.2024 ਤੱਕ) ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਦਫ਼ਤਰ ਵੱਲੋਂ ਮੀਮੋ ਨੰ: 11388/391 ਮਿਤੀ 26.11.2024 ਰਾਹੀਂ ਟੈਲੀਫੋਨ ਮਕੈਨਿਕ ਕਰਮਚਾਰੀਆਂ ਦੀ ਮਿਤੀ 01.04.2022 ਤੋਂ 31.10.2024 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਸੀ। ਇਹ ਟੈਨਟੇਟਿਵ ਸੀਨੀਆਰਤਾ ਸੂਚੀ ਜਾਰੀ ਕਰਦੇ ਹੋਏ ਸਬੰਧਤ ਦਫ਼ਤਰਾਂ ਨੂੰ ਲਿਖ ਦਿੱਤਾ ਗਿਆ ਸੀ ਕਿ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਵਿੱਚ ਦਰਸਾਏ ਕਰਮਚਾਰੀਆਂ ਦੇ ਸੇਵਾ ਵੇਰਵੇ ਅਤੇ ਅਜ਼ਮਾਇਸ਼ੀ ਸਮੇਂ ਦੌਰਾਨ ਅਨੁਸ਼ਾਸਨੀ ਕੇਸਾਂ/ਕੰਮ ਅਤੇ ਵਿਵਹਾਰ ਸਬੰਧੀ ਰਿਪੋਰਟ ਆਪਣੇ ਪੱਧਰ ਤੇ ਤਸ਼ਦੀਕ ਕਰਦੇ ਹੋਏ ਜੇਕਰ ਕਿਸੇ ਕਰਮਚਾਰੀ ਸਬੰਧੀ ਕੋਈ ਕੇਸ/ਰਿਪੋਰਟ ਦਰਜ/ਪੈਂਡਿੰਗ ਹੈ ਤਾਂ ਸੂਚੀ ਜਾਰੀ ਹੋਣ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਇਹ ਟੈਨਟੇਟਿਵ ਸੀਨੀਆਰਤਾ ਸੂਚੀ ਟੈਲੀਫੋਨ ਮਕੈਨਿਕ ਕਰਮਚਾਰੀਆਂ ਤੋਂ ਨੋਟ ਕਰਵਾ ਲਈ ਜਾਵੇ ਅਤੇ ਜੇਕਰ ਕੋਈ ਕਰਮਚਾਰੀ ਇਹ ਅਨੁਭਵ ਕਰੇ ਕਿ ਉਸ ਨੂੰ ਠੀਕ ਸੀਨੀਆਰਤਾ ਨੰਬਰ ਅਲਾਟ ਨਹੀਂ ਕੀਤਾ ਗਿਆ ਜਾਂ ਕਿਸੇ ਕਰਮਚਾਰੀ ਦੇ ਸੇਵਾ ਵੇਰਵੇ ਗਲਤ ਹੋਣ ਤਾਂ ਉਹ ਆਪਣੀ ਪ੍ਰਤੀ ਬੇਨਤੀ ਸੂਚੀ ਜਾਰੀ ਹੋਣ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਦਫ਼ਤਰ ਰਾਹੀਂ ਇਸ ਦਫ਼ਤਰ ਨੂੰ ਭੇਜੇ।

ਇਸ ਸਬੰਧੀ ਮਿੱਥੇ ਸਮੇਂ ਦੌਰਾਨ ਇਸ ਦਫਤਰ ਵਿਖੇ ਪ੍ਰਾਪਤ ਇਤਰਾਜ਼ ਦੂਰ ਕਰਨ ਉਪਰੰਤ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਅੰਤਿਮ ਘੋਸ਼ਿਤ ਕੀਤਾ ਜਾਂਦਾ ਹੈ:-

(1) ਇਹ ਸੀਨੀਆਰਤਾ ਸੂਚੀ ਤੇ ਕੋਰਟ ਕੇਸਾਂ/ਵਿਭਾਗੀ ਪੜਤਾਲ ਦੇ ਫ਼ੈਸਲੇ ਜੇ ਕਰ ਕੋਈ ਹੋਣ ਤਾਂ ਇੰਨ-ਬਿੰਨ ਲਾਗੂ ਹੋਣ ਯੋਗ ਹੋਣਗੇ।

(2) ਜੇਕਰ ਕਿਸੇ ਵੀ ਕਰਮਚਾਰੀ ਨੂੰ ਡੀਮ ਤਰੱਕੀ/ਜੂਨੀਅਰ ਕਰਮਚਾਰੀ ਤੋਂ ਉੱਪਰ ਸੀਨੀਆਰਤਾ ਦੀ ਬਹਾਲੀ ਹੁੰਦੀ ਹੈ ਤਾਂ ਉਸ ਮੁਤਾਬਿਕ ਉਸਦੀ ਇਸ ਸੀਨੀਆਰਤਾ ਵਿੱਚ ਸੋਧ ਕਰਨ ਯੋਗ ਹੋਵੇਗੀ।

(3) ਜੇਕਰ ਕਿਸੇ ਵੀ ਕਰਮਚਾਰੀ ਵੱਲੋਂ ਉਸ ਦਾ ਪਰਖ ਕਾਲ ਸਮਾਂ ਤਸੱਲੀ ਬਖਸ਼ ਪੂਰਾ ਨਹੀਂ ਕੀਤਾ ਜਾਂਦਾ ਤਾਂ ਉਸ ਮੁਤਾਬਿਕ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਨੱਥੀ:- ਟੈਲੀਫੋਨ ਮਕੈਨਿਕ ਕਰਮਚਾਰੀਆਂ ਦੀ
ਅੰਤਿਮ ਸੀਨੀਆਰਤਾ ਸੂਚੀ

17/1/25

ਵਧੀਕ ਨਿਗਰਾਨ ਇੰਜ:/ਟ੍ਰੇਨਿੰਗ ਸੈੱਲ,
ਪੀਐਸਟੀਸੀਐਲ,ਪਟਿਆਲਾ

Scanned with OKEN Scanner

ਟੈਲੀਫੋਨ ਮਕੈਨਿਕ ਕਰਮਚਾਰੀਆਂ ਦੀ ਅੰਤਿਮ ਸੀਨੀਆਰਤਾ ਸੂਚੀ (ਮਿਤੀ 01.04.22 ਤੋਂ 31.10.24 ਤੱਕ)।

| ਲੜੀ ਨੰ: | ਕਰਮਚਾਰੀ ਦਾ ਨਾਂ (ਸ਼੍ਰੀ) | ਆਈ.ਡੀ. ਨੰ: | ਸੀਨੀ. ਨੰ: ਬਤੌਰ ਟੈਲੀਫੋਨ ਮਕੈਨਿਕ | ਜਨਮ ਦੀ ਮਿਤੀ | ਪੀ.ਐਸ.ਟੀ.ਸੀ.ਐਲ/ਮੌਜੂਦਾ ਅਸਾਮੀ ਤੇ ਹਾਜਰ ਹੋਣ ਦੀ ਮਿਤੀ | ਸ੍ਰੇਣੀ |
|---|---|---|---|---|---|---|
| 1 | ਲਖਵਿੰਦਰ ਸ਼ਰਮਾ | 611004 | 1 | 13.07.92 | 02.06.22 | ਜਨਰਲ |
| 2 | ਸਰਬਜੀਤ ਸਿੰਘ | 611007 | 2 | 15.02.92 | 08.06.22 | ਜਨਰਲ |
| 3 | ਮਨਜਿੰਦਰ ਸਿੰਘ | 611009 | 3 | 12.06.95 | 05.07.22 | ਅ:ਜਾਤੀ |
| 4 | ਦਿਨੇਸ਼ ਕੁਮਾਰ | 611003 | 4 | 15.07.86 | 02.06.22 | EWS |
| 5 | ਲਕਸ਼ਮੀ ਨਰਾਇਣ | 611005 | 5 | 13.01.84 | 02.06.22 | ਜਨਰਲ |
| 6 | ਅਮਰੀਕ ਸਿੰਘ | 611002 | 6 | 08.10.94 | 02.06.22 | ਜਨਰਲ |
| 7 | ਅਰਮਾਨ ਅਸ਼ਰਫ | 611001 | 7 | 24.12.95 | 01.06.22 | ਪੱਛੜੀ ਸ਼੍ਰੇਣੀ |
| 8 | ਹਰਵਿੰਦਰ ਕੁਮਾਰ | 611010 | 8 | 14.12.88 | 17.05.23 | ਪੱਛੜੀ ਸ਼੍ਰੇਣੀ |
| 9 | ਜਸਬੀਰ ਸਿੰਘ | 611008 | 9 | 12.04.82 | 10.06.22 | ਸਾਬਕਾ ਫੌਜੀ |
| 10 | ਪ੍ਰਦੀਪ ਸਿੰਘ | 611006 | 10 | 01.08.84 | 02.06.22 | ਅ:ਜਾਤੀ |

ਵਧੀਕ ਨਿਗਰਾਨ ਇੰਜ:/ਟ੍ਰੇਨਿੰਗ ਸੈੱਲ,
ਪੀਐਸਟੀਸੀਐਲ,ਪਟਿਆਲਾ

Scanned with OKEN Scanner